Inclusive Employment Australia

Finding careers for people with disability

ਅਪਾਹਜ ਲੋਕਾਂ ਨੂੰ ਕੰਮ ਲੱਭਣ ਵਿੱਚ ਸਹਾਇਤਾ ਕਰਨਾ

ਇਨਕਲੂਸਿਵ ਇੰਪਲਾਇਮੈਂਟ (ਸੰਮਿਲਿਤ ਰੁਜ਼ਗਾਰ) ਆਸਟ੍ਰੇਲੀਆ ਇੱਕ ਵਿਸ਼ੇਸ਼ ਪ੍ਰੋਗਰਾਮ ਹੈ ਜੋ ਅਪੰਗਤਾ, ਸੱਟ ਜਾਂ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਨੂੰ ਉਹ ਕੰਮ ਲੱਭਣ ਵਿੱਚ ਸਹਾਇਤਾ ਕਰਦਾ ਹੈ ਜੋ ਉਹ ਪਸੰਦ ਕਰਦੇ ਹਨ ਅਤੇ ਆਪਣੇ ਪੇਸ਼ੇ ਨੂੰ ਅੱਗੇ ਵਧਾਉਂਦੇ ਹਨ।

ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਕੰਮ ਦੀ ਭਾਲ ਕਰ ਰਹੇ ਲੋਕਾਂ ਨੂੰ ਵਧੇਰੇ ਵਿਕਲਪ ਅਤੇ ਨਿਯੰਤਰਣ ਦਿੰਦਾ ਹੈ ਅਤੇ ਰੁਜ਼ਗਾਰਦਾਤਿਆਂ ਲਈ ਚੀਜ਼ਾਂ ਨੂੰ ਸਰਲ ਬਣਾਉਂਦਾ ਹੈ।

ਤੁਸੀਂ ਤਾਂ ਵੀ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਦੇ ਹੋ ਭਾਵੇਂ ਤੁਹਾਨੂੰ ਸਰਵਿਸਿਜ਼ ਆਸਟ੍ਰੇਲੀਆ ਤੋਂ ਇਨਕਮ ਸੁਪੋਰਟ ਭੁਗਤਾਨ ਨਹੀਂ ਮਿਲ ਰਿਹਾ ਹੈ।

ਉਹ ਸਹਾਇਤਾ ਚੁਣੋ ਜੋ ਤੁਹਾਡੇ ਲਈ ਕੰਮ ਕਰੇ

ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਸੇਵਾ ਉਹਨਾਂ ਸੇਵਾ ਪ੍ਰਦਾਤਿਆਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਜੋ ਅਲੱਗ- ਅਲੱਗ ਅਪੰਗਤਾਵਾਂ ਅਤੇ ਸਿਹਤ ਸਮੱਸਿਆਵਾਂ ਵਾਲੇ ਵੱਖ-ਵੱਖ ਪਿਛੋਕੜਾਂ ਦੇ ਲੋਕਾਂ ਦੀ ਮਦਦ ਕਰਨ ਵਿੱਚ ਮਾਹਰ ਹਨ। ਉਹ ਜਾਣਦੇ ਹਨ ਕਿ ਤੁਹਾਨੂੰ ਤਿਆਰ ਹੋਣ ਅਤੇ ਅਜਿਹਾ ਕੰਮ ਲੱਭਣ ਵਿੱਚ ਕਿਵੇਂ ਸਹਾਇਤਾ ਕਰਨੀ ਹੈ ਜੋ ਤੁਹਾਡੇ ਹੁਨਰ ਦੇ ਅਨੁਸਾਰ ਹੋਵੇ - ਅਤੇ ਜਿਸ ਦਾ ਤੁਸੀਂ ਆਨੰਦ ਮਾਣਦੇ ਹੋ।

ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਵਧੇਰੇ ਆਤਮਵਿਸ਼ਵਾਸੀ ਬਣਨ, ਤੁਹਾਡੇ ਭਾਈਚਾਰੇ ਨਾਲ ਜੁੜਨ ਅਤੇ ਤੁਹਾਡੇ ਲਈ ਸਹੀ ਨੌਕਰੀ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਨਾਲ ਤੁਸੀਂ ਇਹ ਕਰ ਸਕਦੇ ਹੋ:

- ਇੱਕ ਅਜਿਹਾ ਪ੍ਰਦਾਤਾ ਚੁਣੋ ਜੋ ਕਿਸੇ ਖਾਸ ਅਪੰਗਤਾ ਜਾਂ ਸਿਹਤ ਸਮੱਸਿਆ ਵਾਲੇ ਲੋਕਾਂ ਦੀ ਮਦਦ ਕਰਨ ਵਿੱਚ ਮਾਹਰ ਹੋਵੇ।
- ਕਿਸੇ ਵੀ ਸਮੇਂ ਆਪਣੇ ਪ੍ਰਦਾਤਾ ਨੂੰ ਕਿਸੇ ਵੱਖਰੇ ਯੋਗ ਪ੍ਰਦਾਤਾ ਨਾਲ ਬਦਲੋ
- ਇਹ ਫੈਸਲਾ ਕਰੋ ਕਿ ਤੁਹਾਨੂੰ ਆਪਣੇ ਪ੍ਰਦਾਤਾ ਤੋਂ ਕਿੰਨੀ ਸਹਾਇਤਾ ਦੀ ਲੋੜ ਹੈ, ਤੁਹਾਨੂੰ ਕਿਸ ਚੀਜ਼ ਵਿੱਚ ਮਦਦ ਦੀ ਲੋੜ ਹੈ ਅਤੇ ਉਹ ਤੁਹਾਡੀ ਸਹਾਇਤਾ ਕਿਵੇਂ ਕਰਨ ਤੁਸੀਂ ਇਹ ਕਿਵੇਂ ਚਾਹੁੰਦੇ ਹੋ
- ਚੁਣੋ ਕਿ ਤੁਸੀਂ ਆਪਣੇ ਪ੍ਰਦਾਤਾ ਨਾਲ ਕਿਵੇਂ ਸੰਪਰਕ ਵਿੱਚ ਰਹਿਣਾ ਚਾਹੁੰਦੇ ਹੋ।

ਕੋਈ ਸਮਾਂ ਸੀਮਾਵਾਂ ਨਹੀਂ ਹਨ, ਇਸ ਲਈ ਤੁਸੀਂ ਆਪਣੇ ਪ੍ਰਦਾਤਾ ਨਾਲ ਜਿੰਨਾ ਚਿਰ ਤੁਹਾਨੂੰ ਲੋੜ ਹੋਵੇ ਕੰਮ ਕਰਦੇ ਰਹਿ ਸਕਦੇ ਹੋ। ਤੁਸੀਂ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦੇ ਹੋ ਭਾਵੇਂ ਤੁਸੀਂ ਹਫ਼ਤੇ ਵਿੱਚ ਕੁਝ ਘੰਟੇ ਹੀ ਕੰਮ ਕਰ ਸਕਦੇ ਹੋ। ਤੁਸੀਂ ਆਪਣੇ ਟੀਚਿਆਂ ਨੂੰ ਬਦਲਣ ਅਤੇ ਤੁਹਾਨੂੰ ਕਿੰਨੀ ਸਹਾਇਤਾ ਦੀ ਲੋੜ ਹੈ ਇਸਦਾ ਫੈਸਲਾ ਵੀ ਕਰ ਸਕਦੇ ਹੋ ਜੇਕਰ ਤੁਹਾਡੀ ਜ਼ਿੰਦਗੀ, ਸਿਹਤ, ਜਾਂ ਕੰਮ ਦੀ ਸਥਿਤੀ ਵਿੱਚ ਬਦਲਾਅ ਆਉਂਦਾ ਹੈ।

ਪ੍ਰਦਾਤਾ ਤੁਹਾਡੇ ਲਈ ਕੀ ਕਰਦੇ ਹਨ

ਇਨਕਲੂਸਿਵ ਐਂਪਲਾਇਮੈਂਟ ਆਸਟ੍ਰੇਲੀਆ ਪ੍ਰੋਗਰਾਮ ਪ੍ਰਦਾਤਾ:

- ਨੌਕਰੀ ਲੱਭਣ ਅਤੇ ਬਣਾਈ ਰੱਖਣ ਵਿੱਚ ਤੁਹਾਡੀ ਮਦਦ ਕਰਨ ਵਾਲੀਆਂ ਗਤੀਵਿਧੀਆਂ ਦੇ ਨਾਲ ਇੱਕ ਨੌਕਰੀ ਲੱਭਣ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਸਹਾਇਤਾ ਕਰਨਾ
- ਸਥਾਨਕ ਰੁਜ਼ਗਾਰਦਾਤਿਆਂ ਅਤੇ ਭਾਈਚਾਰੇ ਨਾਲ ਜੁੜਨ ਵਿੱਚ ਤੁਹਾਡੀ ਸਹਾਇਤਾ ਕਰਨਾ
- ਛੋਟੇ ਕੋਰਸਾਂ ਅਤੇ ਮਾਨਤਾ ਪ੍ਰਾਪਤ ਸਿਖਲਾਈ ਦਾ ਪ੍ਰਬੰਧ ਕਰਨ ਵਿੱਚ ਮਦਦ ਕਰਨਾ
- ਤੁਹਾਨੂੰ ਇੱਕ ਚੰਗਾ ਰੈਜ਼ਿਊਮੇ ਬਣਾਉਣ ਵਿੱਚ ਮਦਦ ਕਰਦੇ ਹਨ ਜੋ ਤੁਹਾਡੇ ਹੁਨਰ ਨੂੰ ਉਜਾਗਰ ਕਰਦਾ ਹੈ।
- ਕੋਚਿੰਗ ਅਤੇ ਇੰਟਰਵਿਊ ਦਾ ਅਭਿਆਸ ਕਰਵਾ ਕੇ ਤੁਹਾਡਾ ਵਿਸ਼ਵਾਸ ਬਣਾਉਣ ਵਿੱਚ ਮਦਦ ਕਰਦਾ ਹੈ
- ਤੁਹਾਨੂੰ ਸਹਾਇਕ ਸਿਹਤ ਜਾਂ ਭਾਈਚਾਰਕ ਸੇਵਾਵਾਂ, ਜਿਵੇਂ ਕਿ ਕਿੱਤਾਮੁਖੀ ਥੈਰੇਪੀ, ਫਿਜ਼ੀਓਥੈਰੇਪੀ ਅਤੇ ਹੋਰ ਸੇਵਾਵਾਂ ਜੋ ਆਤਮ-ਨਿਰਭਰਤਾ ਅਤੇ ਤੰਦਰੁਸਤੀ ਦਾ ਸਮਰਥਨ ਕਰਦੀਆਂ ਹਨ, ਉਹਨਾਂ ਵੱਲ ਭੇਜਣਾ।
- ਨਵੀਂ ਨੌਕਰੀ ਸ਼ੁਰੂ ਕਰਨ ਤੋਂ ਬਾਅਦ ਨਿਰੰਤਰ ਸਹਾਇਤਾ ਪ੍ਰਦਾਨ ਕਰਨਾ, ਜਿਵੇਂ ਕਿ ਕੰਮ ਵਾਲੀ ਥਾਂ 'ਤੇ ਸੋਧਾਂ ਅਤੇ ਸਹਾਇਕ ਤਕਨਾਲੋਜੀ ਦਾ ਪ੍ਰਬੰਧ ਕਰਨਾ, ਕੰਮ 'ਤੇ ਤੁਹਾਡੀ ਅਪੰਗਤਾ ਜਾਂ ਸਿਹਤ ਸਮੱਸਿਆ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਤਰੀਕੇ, ਅਤੇ ਢੁਕਵੇਂ ਕੰਮ ਕਰਨ ਦੇ ਘੰਟੇ।

ਪ੍ਰਦਾਤਾ ਰੁਜ਼ਗਾਰਦਾਤਿਆਂ ਲਈ ਕੀ ਕਰਦੇ ਹਨ

ਸੇਵਾ ਪ੍ਰਦਾਤਾ ਰੁਜ਼ਗਾਰਦਾਤਿਆਂ ਨੂੰ ਇਹਨਾਂ ਦੁਆਰਾ ਸੰਮਿਲਿਤ (ਇਨਕਲੂਸਿਵ) ਕਾਰਜ ਸਥਾਨ ਬਣਾਉਣ ਵਿੱਚ ਮਦਦ ਕਰ ਸਕਦੇ ਹਨ:

- ਨੌਕਰੀ ਲਈ ਤਿਆਰ ਲੋਕਾਂ ਨੂੰ ਢੁਕਵੀਆਂ ਨੌਕਰੀਆਂ ਨਾਲ ਮੇਲਣ ਵਿੱਚ ਮਦਦ ਕਰਨਾ
- ਸ਼ੁਰੂਆਤੀ ਤਨਖਾਹਾਂ (ਤਨਖਾਹ ਸਬਸਿਡੀਆਂ ਰਾਹੀਂ) ਦੇਣ ਵਿੱਚ ਮਦਦ ਕਰਨਾ ਅਤੇ ਜੇਕਰ ਲੋਕਾਂ ਨੂੰ ਲੋੜ ਹੋਵੇ ਤਾਂ ਕੰਮ ਵਾਲੀ ਥਾਂ 'ਤੇ ਤਬਦੀਲੀਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ
- ਅਪੰਗਤਾ ਜਾਗਰੂਕਤਾ ਸਿਖਲਾਈ ਅਤੇ ਨਿਰੰਤਰ ਸਹਾਇਤਾ ਪ੍ਰਦਾਨ ਕਰਨਾ
- ਕੰਮ ਵਾਲੀ ਥਾਂ 'ਤੇ ਸਕਾਰਾਤਮਕ ਸਬੰਧਾਂ ਨੂੰ ਬਣਾਈ ਰੱਖਣ ਲਈ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨਾ।

ਹੋਰ ਜਾਣਕਾਰੀ

ਇੱਕ ਇਨਕਲੂਸਿਵ ਐਂਪਲਾਇਮੈਂਟ ਆਸਟ੍ਰੇਲੀਆ ਪ੍ਰਦਾਤਾ ਲੱਭਣ ਲਈ, ਜੋਬ ਐਕਸਸ (JobAccess) ਵੈੱਬਸਾਈਟ (www.jobaccess.gov.au/find-a-provider) 'ਤੇ ਸੂਚੀ ਦੀ ਖੋਜ ਕਰੋ। ਇਨਕਲੂਸਿਵ ਐਂਪਲਾਇਮੈਂਟ ਆਸਟ੍ਰੇਲੀਆ ਵੈੱਬਸਾਈਟ (www.dss.gov.au/inclusive-employment-australia) 'ਤੇ ਰਾਜ ਅਤੇ ਕੇਂਦਰੀ ਪ੍ਰਦੇਸ਼ ਦੁਆਰਾ ਪ੍ਰਦਾਤਿਆਂ ਦੀ ਸੂਚੀ ਅਤੇ ਹੋਰ ਜਾਣਕਾਰੀ ਵੀ ਹੈ।

- ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਬਾਰੇ ਕਿਸੇ ਨਾਲ ਗੱਲ ਕਰਨ ਲਈ, ਤੁਸੀਂ ਰਾਸ਼ਟਰੀ ਗਾਹਕ ਸੇਵਾ ਲਾਈਨ ਨੂੰ **1800 805 260*** 'ਤੇ ਫ਼ੋਨ ਕਰ ਸਕਦੇ ਹੋ।
- ਬੋਲੋ ਅਤੇ ਸੁਣੋ (ਸਪੀਕ ਐਂਡ ਲਿਸਨ)ਸੇਵਾ ਵਰਤਣ ਵਾਲੇ 1300 555 727 'ਤੇ ਫ਼ੋਨ ਕਰੋ ਅਤੇ ਫਿਰ 1300 653 227 ਲਈ ਪੁੱਛੋ।
- ਜੇਕਰ ਤੁਸੀਂ ਬਹਿਰੇਹੋ/ਬਹਿਰੇ ਭਾਈਚਾਰੇ ਵਿਚ ਸਰਗਰਮ ਹੋ, ਉੱਚਾ ਸੁਣਦੇ ਹੋ ਜਾਂ ਬੋਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋ, ਤਾਂ ਰਾਸ਼ਟਰੀ ਗਾਹਕ ਸੇਵਾ ਲਾਈਨ ਨਾਲ ਸੰਪਰਕ ਕਰਨ ਲਈ ਰਾਸ਼ਟਰੀ ਰੀਲੇਅ ਸੇਵਾ ਦੀ ਵਰਤੋਂ ਕਰੋ। ਵਧੇਰੇ ਜਾਣਕਾਰੀ ਲਈ, www.accesshub.gov.au 'ਤੇ ਜਾਓ।
- ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ TIS ਨੈਸ਼ਨਲ ਨੂੰ **131 450*** 'ਤੇ ਫ਼ੋਨ ਕਰੋ ਅਤੇ **1800 805 260** ਦੇ ਲਈ ਪੁੱਛੋ।

* ਮੋਬਾਈਲ ਫੋਨਾਂ ਤੋਂ '13' ਅਤੇ '1800' ਨੰਬਰਾਂ 'ਤੇ ਫ਼ੋਨ ਲਈ ਕਾਲ ਚਾਰਜ ਲਗ ਸਕਦੇ ਹਨ।

ਲੈਂਡਲਾਈਨ ਅਤੇ ਮੋਬਾਈਲ ਪ੍ਰਦਾਤਿਆਂ ਤੋਂ ਕਾਲ ਦਰਾਂ ਵੱਖ-ਵੱਖ ਹੋ ਸਕਦੀਆਂ ਹਨ। ਆਪਣੇ ਮੌਜੂਦਾ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ ਤੇ ਇਸ ਬਾਰੇ ਜਾਣੋ।